# ਦਫ਼ਤਰ ਗੁਰਦੁਆਰਾ ਚੋਣ ਕਮਿਸ਼ਨਰ, ਹਰਿਆਣਾ

ਗਰਾਊਂਡ ਫਲੋਰ, ਪਲਾਟ ਨੰ. 9 ਡੀਐਚਐਲ ਸਕੁਏਅਰ, ਸੈਕਟਰ 22, ਪੰਚਕੂਲਾ

ਟੈਲੀ: 0172-4004268 ਈਮੇਲ: gurdwaraelectionhry@gmail.com ਵੈੱਬ: https://gurdwaraelectionshry.in

## ਜਨਤਕ ਨੋਟਿਸ

ਹਰਿਆਣਾ ਰਾਜ ਵਿੱਚ ਵੱਸਦੇ ਸਮੂਹ ਸਿੱਖਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੋਟਰ ਸੂਚੀ ਤਿਆਰ ਕਰਨ ਲਈ ਜਿਹਨਾ ਨੇ ਆਪਣੇ ਬਿਨੇ ਪੱਤਰ ਜਮ੍ਹਾ ਕਰਾਏ ਹਨ ਉਹਨਾਂ ਨੂੰ ਹੇਠ ਲਿਖੀ ਘੋਸ਼ਣਾ ਦੇਣੀ ਜਰੂਰੀ ਹੈ :-

"ਇਹ ਕਿ ਮੈਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੋਟਰ ਸੂਚੀ ਵਿਚ ਆਪਣਾ ਨਾਮ ਦਰਜ/ਸ਼ਾਮਲ ਕਰਨ ਲਈ ਅਰਜ਼ੀ ਦਿੱਤੀ ਹੋਈ ਹੈ/ਦੇ ਰਿਹਾ / ਰਹੀ ਹਾਂ ਅਤੇ ਮੈਂ ਸੱਚਾਈ, ਈਮਾਨਦਾਰੀ ਅਤੇ ਧਰਮ ਨਾਲ ਇਹ ਵੀ ਘੋਸ਼ਣਾ /ਬਿਆਨ ਕਰਦਾ/ਕਰਦੀ ਹਾਂ ਕਿ ਮੈਂ ਸਿੱਖ ਹਾਂ, ਮੈਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਾਂ ਗੁਰੂ ਸਾਹਿਬਾਨਾਂ ਨੂੰ ਮੰਨਦਾ/ਮੰਨਦੀ ਹਾਂ ਅਤੇ ਮੇਰਾ ਕੋਈ ਹੋਰ ਧਰਮ ਨਹੀਂ ਹੈ"

ਉਹਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਸਵੈ ਘੋਸ਼ਣਾ ਗ੍ਰਾਮ ਖੇਤਰ ਵਿਚ ਸਬੰਧਤ ਪਟਵਾਰੀ ਨੂੰ, ਸ਼ਹਿਰੀ ਖੇਤਰ ਵਿਚ ਨਗਰਪਾਲਿਕਾ ਦੇ ਸਕੱਤਰ ਨੂੰ ਜਾਂ ਹੋਰ ਕਿਸੇ ਅਧਿਕਾਰੀ / ਕਰਮਚਾਰੀ ਜੋ ਕਿ ਨਾਮ ਦਰਜ ਕਰਨ ਵਾਸਤੇ ਅਧਿਕਾਰਿਤ ਕੀਤਾ ਗਿਆ ਹੈ ਨੂੰ ਪੇਸ਼ ਕਰਨ। ਉਹਨਾਂ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇ ਉਹ ਇਹ ਸਵੈ ਘੋਸ਼ਣਾ ਨਹੀਂ ਦੇਣਗੇ ਤਾਂ ਉਹਨਾਂ ਦਾ ਨਾਂਮ ਵੋਟਰ ਸੂਚੀ ਵਿਚ ਦਰਜ ਨਹੀਂ ਹੋਵੇਗਾ। ਸਵੈ ਘੋਸ਼ਣਾ ਫਾਰਮ ਦੀ ਕਾਪੀ ਸਬੰਧਤ ਅਧਿਕਾਰੀ/ਕਰਮਚਾਰੀ ਕੋਲ ਉਪਲੱਬਧ ਹੈ। ਇਸ ਦੀ ਕਾਪੀ ਦਫ਼ਤਰ ਦੀ ਵੈੱਬਸਾਈਟ https://gurdwaraelectionshry.in ਤੇ ਵੀ ਉਪਲੱਭਦ ਹੈ।

**ਜਸਟਿਸ ਐਚ.ਐਸ.ਭੱਲਾ**

**ਕਮਿਸ਼ਨਰ, ਗੁਰਦੁਆਰਾ ਚੋਣਾਂ, ਹਰਿਆਣਾ**